

# ਸਤੰਬਰ ਮਹੀਨੇ ਦੇ ਖੇਤੀ ਰੁਝੇਵੇਂ

**ਝੋਨਾ :** ਝੋਨੇ ਅਤੇ ਬਾਸਮਤੀ ਦੀਆਂ ਫ਼ਸਲਾਂ ਤੋ ਵਧੀਆ ਝਾੜ ਲੈਣ ਲਈ ਲੋੜ ਅਨੁਸਾਰ ਹੀ ਪਾਣੀ ਦਿਉ। ਖੇਤ ਨੂੰ ਪਾਣੀ ਉਸ ਵੇਲੇ ਦਿਓ, ਜਦੋਂ ਖੇਤ ਵਿੱਚੋਂ ਪਾਣੀ ਜਜ਼ਬ ਹੋਏ ਨੂੰ 2 ਦਿਨ ਹੋ ਗਏ ਹੋਣ ਅਤੇ ਕਟਾਈ ਤੋਂ ਦੋ ਹਫ਼ਤੇ ਪਹਿਲਾਂ ਪਾਣੀ ਬੰਦ ਕਰ ਦਿਉ। ਝੋਨੇ ਦੀ ਫ਼ਸਲ ਵਿਚੋਂ ਨਦੀਨ ਅਤੇ ਗੈਰ ਬੂਟੇ ਪੁੱਟ ਦਿਉ।

ਪੱਤਾ ਲਪੇਟ ਸੁੰਡੀ ਦੀ ਰੋਕਥਾਮ ਲਈ 20 ਮਿ.ਲਿ. ਫੇਮ 480 ਐਸ ਸੀ ਜਾਂ 50 ਗ੍ਰਾਮ ਟਾਕੂਮੀ 20 ਤਾਕਤ ਜਾਂ 60 ਮਿ.ਲਿ. ਕੋਰਾਜਨ 18.5 ਐਸ ਸ਼ੀ ਜਾਂ 170 ਗ੍ਰਾਮ ਮੋਰਟਰ 75 ਤਾਕਤ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

ਚਿੱਟੀ ਪਿੱਠ ਵਾਲੇ ਟਿੱਡੇ / ਭੂਰੇ ਟਿੱਡੇ ਕਾਰਨ ਬੂਟੇ ਧੌੜੀਆਂ ਵਿੱਚ ਸੁੱਕ ਜਾਂਦੇ ਹਨ। ਇਸ ਦੀ ਰੋਕਥਾਮ ਲਈ 94 ਮਿਲੀਲਿਟਰ ਪੈਕਸਾਲੋਨ 10 ਐੱਸ ਸੀ ਜਾਂ 120 ਗ੍ਰਾਮ ਚੈੱਸ 50 ਡਬਲਯੂ ਜੀ ਜਾਂ 80 ਗ੍ਰਾਮ ਓਸ਼ੀਨ/ਟੋਕਨ 20 ਐਸ ਜੀ ਜਾਂ 800 ਮਿਲੀਲਿਟਰ ਐਕਾਲਕਸ/ਕੁਇਨਗਾਰਡ/ਕੁਇਨਲਮਾਸ 25 ਤਾਕਤ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

ਝੋਨੇ ਦੀ ਫ਼ਸਲ ਵਿੱਚ ਤਣੇ ਦੇ ਗੜੂੰਏ ਵੱਧ ਰਹੀ ਫ਼ਸਲ ਦੀਆਂ ਗੋਭਾਂ ਅੰਦਰੋਂ ਖਾ ਕੇ ਸੁਕਾ ਦਿੰਦੇ ਹਨ ਅਤੇ ਮੁੰਜਰਾਂ ਪੈਣ ਸਮੇਂ ਹਮਲੇ ਵਾਲੇ ਬੂਟਿਆਂ ਦੀਆਂ ਦਾਣਿਆਂ ਤੋਂ ਸੱਖਣੀਆਂ ਚਿੱਟੇ ਰੰਗ ਦੀਆਂ ਮੁੰਜਰਾਂ ਖੇਤ ਵਿੱਚ ਸਿੱਧੀਆਂ ਖੜ੍ਹੀਆਂ ਦਿਖਾਈ ਦਿੰਦੀਆਂ ਹਨ। ਝੋਨੇ ਦੀ ਫਸਲ ਤੇ ਜਦੋਂ 5 ਪ੍ਰਤੀਸਤ ਤੋਂ ਜਿਆਦਾ ਗੋਭਾਂ ਸੁੱਕੀਆਂ ਦਿਖਾਈ ਦੇਣ ਤਾਂ 20 ਮਿਲੀਲਿਟਰ ਫੇਮ 480 ਐਸ ਸੀ ਜਾਂ 50 ਗ੍ਰਾਮ ਟਾਕੂਮੀ 20 ਤਾਕਤ ਜਾਂ 60 ਮਿ.ਲਿ. ਕੋਰਾਜਨ 18.5 ਐਸ ਸੀ ਜਾਂ 170 ਗ੍ਰਾਮ ਮੋਰਟਰ 75 ਤਾਕਤ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। ਬਾਸਮਤੀ ਦੀ ਫਸਲ ਜਦੋਂ 2 ਪ੍ਰਤੀਸ਼ਤ ਗੋਭਾਂ ਸੁੱਕੀਆਂ ਨਜ਼ਰ ਆਉਣ ਤਾਂ ਉੱਪਰ ਦਿੱਤੇ ਕੀਟਨਾਸ਼ਕਾਂ ਦੀ ਵਰਤੋਂ ਨਾਲ ਜਾਂ 4 ਕਿੱਲੋ ਫਰਟੇਰਾ 0.4 ਜੀ.ਆਰ. ਜਾਂ 6 ਕਿੱਲੋ ਰੀਜੈਂਟ/ਮੌਰਟੈਲ/ਮਿਫਪਰੋ ਜੀ/ਮਹਾਂਵੀਰ ਜੀ ਆਰ 0.3 ਜੀ ਜਾਂ 10 ਕਿੱਲੋ ਪਾਦਾਨ/ਕਰੀਟਾਪ/ਸੈੱਨਵੈਕਸ/ਕੈਲਡਾਨ/ਨਿਦਾਨ/ ਮਿਫਟੈਪ 4 ਜੀ ਜਾਂ 4 ਕਿੱਲੋ ਵਾਈਬਰੇਂਟ 4 ਜੀ ਆਰ ਦੇ ਹਿਸਾਬ ਨਾਲ ਵਰਤ ਕੇ ਵੀ ਕੀਤੀ ਜਾ ਸਕਦੀ ਹੈ।ਰੀਜੈਂਟ/ਪਦਾਨ/ਕਰੀਟਾਪ/ਸਨਵੈਕਸ/ਕਾਲਡਾਨ/ ਵਾਈਬਰੇਂਟ ਪੱਤਾ ਲਪੇਟ ਸੁੰਡੀ ਦੀ ਵੀ ਰੋਕਥਾਮ ਕਰਦੇ ਹਨ।

ਤਣੇ ਦੁਆਲੇ ਪੱਤੇ ਦੇ ਝੁਲਸ ਰੋਗ ਤੋਂ ਬਚਾਉਣ ਲਈ ਵੱਟਾਂ ਅਤੇ ਬੰਨਿਆਂ ਨੂੰ ਘਾਹ ਤੋਂ ਮੁਕਤ ਰੱਖੋ। ਬਿਮਾਰੀ ਦੀਆਂ ਨਿਸ਼ਾਨੀਆਂ ਦਿਸਣ ਤੇ 150 ਮਿ.ਲਿ. ਇਗਲੇਅਰ ਜਾਂ ਪਲਸਰ 24 ਐਸ ਸੀ ਜਾਂ 26.8 ਗ੍ਰਾਮ ਐਪਿਕ 75 ਡਬਲਯੂ ਜੀ ਜਾਂ 400 ਮਿ.ਲਿ. ਗਲੈਲਿਓ ਵੇਅ 18.76 ਐਸ ਸੀ ਜਾਂ 80 ਗ੍ਰਾਮ ਨੈਟੀਵੋ 75 ਡਬਲਯੂ ਜੀ ਜਾਂ 320 ਮਿ: ਲਿ: ਲਸਚਰ 37.5 ਐਸ ਈ ਜਾਂ 200 ਮਿ.ਲਿ. ਐਮੀਸਟਾਰ ਟੋਪ 325 ਐਸ ਸੀ / ਟਿਲਟ / ਬੰਪਰ /ਫੋਲੀਕਰ 25 ਈ ਸੀ /ਮੋਨਸਰਨ 250 ਐਸ ਸੀ ਨੂੰ 200 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ।ਜੇਕਰ ਮੌਸਮ ਜ਼ਿਆਦਾ ਨਮੀਂ ਅਤੇ ਬੱਦਲਵਾਈ ਵਾਲਾ ਹੋਵੇ ਤਾਂ ਫ਼ਸਲ ਨੂੰ ਗੋਭ ਵਿੱਚ ਆਉਣ ਸਮੇਂ 400 ਮਿ.ਲਿ. ਗਲੈਲਿਓ ਵੇਅ 18.76 ਐਸ ਸੀ ਜਾਂ 500 ਗ੍ਰਾਮ ਕੋਸਾਈਡ 46 ਡੀ ਐਫ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕ ਕੇ ਝੂਠੀ ਕਾਂਗਿਆਰੀ ਤੋਂ ਬਚਾਓ।

**ਮੱਕੀ :** ਮੱਕੀ ਦੀ ਫ਼ਸਲ ਨੂੰ ਸਮੇਂ ਸਿਰ ਪਾਣੀ ਦਿੰਦੇ ਰਹੋ, ਖਾਸ ਕਰਕੇ ਜਦੋਂ ਮੱਕੀ ਦੇ ਬੂਟੇ ਸੂਤ ਕੱਤਦੇ ਹੋਣ ਤੇ ਬੂਰ ਨਿਕਲਦਾ ਹੋਵੇ। ਇਸ ਸਮੇਂ ਪਾਣੀ ਦੀ ਘਾਟ ਕਾਰਨ ਝਾੜ ਘਟ ਜਾਂਦਾ ਹੈ। ਭਾਰੀ ਮੀਂਹ ਪੈਣ ਤੋ ਬਾਅਦ ਖੇਤਾਂ ਵਿਚੋਂ ਵਾਧੂ ਪਾਣੀ ਨੂੰ ਕੱਢ ਦੇਣਾ ਚਾਹੀਦਾ ਹੈ ਤਾਂ ਜੋ ਫਸਲ ਨੂੰ ਟਾਂਡੇ ਗਲਣ ਦੇ ਰੋਗ ਤੋ ਬਚਾਇਆ ਜਾ ਸਕੇ।ਇਸ ਤੋਂ ਇਲਾਵਾ ਮੱਕੀ ਨੂੰ ਪੱਤਿਆਂ ਅਤੇ ਟਾਂਡੇ ਦੇ ਝੁਲਸ ਰੋਗ ਤੋਂ ਬਚਾਉਣ ਲਈ ਇਸ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤੇ 100 ਮਿ.ਲਿ. ਐਮੀਸਟਾਰ ਟੋਪ 325 ਐਸ ਸੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਫਾਲ ਅਰਮੀਵਰਮ ਦੀ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜਨ 18.5 ਐੱਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 0.5 ਮਿਲੀਲਿਟਰ ਡੈਲੀਗੇਟ 11.7 ਐੱਸ ਸੀ (ਸਪਾਈਨਟੋਰਮ) ਜਾਂ 0.4 ਗ੍ਰਾਮ ਮਿਜ਼ਾਈਲ 5 ਐੱਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ। ਫ਼ਸਲ ਵੱਡੀ ਹੋਣ ਤੇ ਛਿੜਕਾਅ ਮੁਸ਼ਕਿਲ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿੱਚ ਪਾ ਕੇ ਫ਼ਾਲ ਆਰਮੀਵਰਮ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਮਿਸ਼ਰਣ ਬਣਾਉਣ ਲਈ 5 ਮਿਲੀਲਿਟਰ ਕੋਰਾਜਨ 18.5 ਐਸ ਸੀ ਜਾਂ ਡੈਲੀਗੇਟ 11.7 ਐਸ ਸੀ ਜਾਂ 5 ਗ੍ਰਾਮ ਮਿਜ਼ਾਈਲ 5 ਐਸ ਜੀ ਨੂੰ 10 ਮਿਲੀਲਿਟਰ ਪਾਣੀ ਵਿੱਚ ਘੋਲ ਕੇ ਇੱਕ ਕਿੱਲੋ ਮਿੱਟੀ ਵਿੱਚ ਚੰਗੀ ਤਰ੍ਹਾਂ ਮਿਲਾਓ। ਮਿਸ਼ਰਣ ਬਣਾਉਣ ਅਤੇ ਪਾਉਣ ਸਮੇਂ ਦਸਤਾਨੇ ਜ਼ਰੂਰ ਪਾਓ। ਚਾਰੇ ਵਾਲੀ ਮੱਕੀ ਵਿੱਚ ਇਸ ਕੀੜੇ ਦੀ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ*) ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਛਿੜਕਾਅ ਉਪਰੰਤ ਮੱਕੀ ਨੂੰ 21 ਦਿਨ ਤੱਕ ਪਸ਼ੂਆਂ ਨੂੰ ਨਾ ਚਾਰੋ।

**ਨਰਮਾ ਤੇ ਕਪਾਹ :** ਫੁੱਲ ਅਤੇ ਟੀਂਡੇ ਤੇ ਆਈ ਕਪਾਹ ਦੀ ਫ਼ਸਲ ਨੂੰ ਪਾਣੀ ਦੀ ਘਾਟ ਨਾ ਆਉਣ ਦਿਉ। ਨਹੀਂ ਤਾਂ ਫੁੱਲ ਅਤੇ ਟੀਂਡੇ ਝੜ ਜਾਣਗੇ ਅਤੇ ਝਾੜ ਵੀ ਬਹੁਤ ਘੱਟ ਜਾਵੇਗਾ। ਟੀਂਡਿਆਂ ਦੇ ਜਲਦੀ ਖਿੜਨ ਲਈ ਅਖੀਰਲਾ ਪਾਣੀ ਸਤੰਬਰ ਦੇ ਅਖੀਰ ਵਿੱਚ ਦਿਉ। ਜੇਕਰ ਰਸ ਚੂਸਣ ਵਾਲੇ ਕੀੜਿਆਂ ਦਾ ਹਮਲਾ ਆਰਥਿਕ ਨੁਕਸਾਨ ਕਰਨ ਦੀ ਹੱਦ ਤੱਕ ਪਹੁੰਚਦਾ ਨਜ਼ਰ ਆਵੇ ਤਾਂ ਫ਼ਸਲ ਤੇ ਛਿੜਕਾਅ ਕਰੋ।

ਚਿੱਟੀ ਮੱਖੀ ਦੀ ਰੋਕਥਾਮ ਲਈ 400 ਮਿਲੀਲਿਟਰ ਸਫੀਨਾ 50 ਡੀ ਸੀ ਜਾਂ 60 ਗ੍ਰਾਮ ਓਸ਼ੀਨ 20 ਐਸ ਜੀ ਜਾਂ 200 ਗ੍ਰਾਮ ਪੋਲੋ/ਕਰੇਜ਼/ਰੂਬੀ/ਲੁਡੋ/ਸ਼ੋਕੂ 50 ਡਬਲਯੂ ਪੀ ਜਾਂ 500 ਮਿਲੀਲਿਟਰ ਲੈਨੋ/ਡੈਟਾ 10 ਈ ਸੀ ਜਾਂ 200 ਮਿਲੀਲਿਟਰ ਉਬਰੇਨ/ਵੋਲਟੇਜ 22.9 ਐਸ ਸੀ ਅਤੇ ਹਰੇ ਤੇਲੇ ਦੀ ਰੋਕਥਾਮ ਲਈ 60 ਗ੍ਰਾਮ ਓਸ਼ੀਨ 20 ਐਸ ਜੀ ਜਾਂ 300 ਮਿਲੀਲਿਟਰ ਕੀਫਨ 15 ਈ ਸੀ ਜਾਂ 300 ਮਿਲੀਲਿਟਰ ਨਿਓਨ 5 ਈ ਸੀ ਜਾਂ 80 ਗ੍ਰਾਮ ਉਲਾਲਾ 50 ਤਾਕਤ ਜਾਂ 40 ਗ੍ਰਾਮ ਐਕਟਾਰਾ/ਦੋਤਾਰਾ/ਥੋਮਸਨ 25 ਡਬਲਯੂ ਜੀ ਨੂੰ 125-150 ਲਿਟਰ ਪਾਣੀ ਵਿੱਚ ਘੋਲ ਕੇ ਹੱਥ ਨਾਲ ਚੱਲਣ ਵਾਲੇ ਨੈਪਸੈਕ ਪੰਪ ਨਾਲ ਛਿੜਕਾਅ ਕਰੋ। ਟੀਂਡੇ ਦੀਆਂ ਗੁਲਾਬੀ ਸੁੰਡੀਆਂ ਦੀ ਰੋਕਥਾਮ ਲਈ 100 ਗ੍ਰਾਮ ਪ੍ਰੋਕਲੇਮ 5 ਐਸ ਜੀ ਜਾਂ 500 ਮਿਲੀਲਿਟਰ ਕਿਊਰਾਕਰਾਨ/ਕਰੀਨਾ 50 ਈ ਸੀ ਜਾਂ 200 ਮਿਲੀਲਿਟਰ ਅਵਾਂਟ 15 ਐਸ ਸੀ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਜੇਕਰ 24 ਘੰਟਿਆਂ ਵਿੱਚ ਬਾਰਿਸ਼ ਹੋ ਜਾਵੇ ਤਾਂ ਛਿੜਕਾਅ ਦੁਬਾਰਾ ਕਰੋ। ਅੱਧ ਸਤੰਬਰ ਤੋਂ ਬਾਅਦ ਸਿੰਥੈਟਿਕ ਪੈਰਾਥਰਾਇਡ ਗਰੁੱਪ ਦੇ ਕੀਟਨਾਸ਼ਕਾਂ ਦੀ ਵਰਤੋ ਨਾ ਕਰੋ। ਮਿਲੀਬੱਗ ਦੇ ਹਮਲੇ ਵਾਲੀਆਂ ਕਤਾਰਾਂ/ਬੂਟਿਆਂ ਤੇ ਟਰਾਂਸਫੋਰਮ 21.8 ਐਸ ਸੀ 150 ਮਿਲੀਲਿਟਰ ਦਾ ਚੰਗੀ ਤਰ੍ਹਾਂ ਛਿੜਕਾਅ ਕਰੋ। ਨਰਮੇਂ ਤੋ ਚੰਗਾ ਝਾੜ ਲੈਣ ਲਈ 2 ਪ੍ਰਤੀਸ਼ਤ ਪੋਟਾਸ਼ੀਅਮ ਨਾਈਟਰੇਟ 13:0:45 (2 ਕਿਲੋ ਪੋਟਾਸ਼ੀਅਮ ਨਾਈਟਰੇਟ 100 ਲਿਟਰ ਪਾਣੀ ਪ੍ਰਤੀ ਏਕੜ) ਦੇ ਚਾਰ ਛਿੜਕਾਅ ਫੁੱਲ ਨਿਕਲਣ ਵੇਲੇ ਹਫਤੇ ਦੀ ਵਿੱਥ ਤੇ ਕਰੋ।ਫਸਲ ਤੇ ਉੱਲੀ ਦੇ ਧੱਬਿਆਂ ਦੇ ਰੋਗ ਨੂੰ ਰੋਕਣ ਲਈ 200 ਮਿ.ਲਿ. ਐਮੀਸਟਾਰ ਟੋਪ 325 ਐਸ ਸੀ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿੱਚ ਪਾ ਕੇ 15 ਤੋਂ 20 ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ।

**ਗੰਨਾ:** ਸਤੰਬਰ ਦੇ ਸ਼ੁਰੂ ਵਿੱਚ ਗੰਨਿਆਂ ਦੇ ਮੂੰਏ ਬੰਨ੍ਹ ਦਿਉ। ਵਧੀਆ ਝਾੜ ਲੈਣ ਲਈ ਖੇਤ ਨੂੰ ਵਕਤ ਸਿਰ ਪਾਣੀ ਦਿੰਦੇ ਰਹੋ। ਰੱਤਾ ਰੋਗ ਅਤੇ ਉਖੇੜਾ ਰੋਗ ਤੋਂ ਪ੍ਰਭਾਵਿਤ ਬੂਟੇ ਪੁੱਟ ਕੇ ਨਸ਼ਟ ਕਰ ਦਿਉ। ਇਹ ਕੰਮ ਹਫ਼ਤੇ ਦੇ ਵਕਫ਼ੇ ਤੇ ਕਰਦੇ ਰਹੋ।ਇਸ ਮਹੀਨੇ ਦੇ ਦੂਸਰੇ ਪੰਦਰਵਾੜੇ ਸੀ ਓ ਪੀ ਬੀ 95, ਸੀ ਓ ਪੀ ਬੀ 96, ਸੀ ਓ 15023, ਸੀ ਓ ਪੀ ਬੀ 92 ਸੀ.ਓ. 118, ਸੀ.ਓ.ਜੇ 85, ਸੀ.ਓ.ਜੇ. 64 ਦੀ ਬੀਜਾਈ ਸ਼ੁਰੂ ਕਰ ਦਿਉ। ਕਤਾਰਾਂ ਦਾ ਫ਼ਾਸਲਾ 90 ਸੈ.ਮੀ. ਰੱਖੋ। ਜ਼ਿਆਦਾ ਮੁਨਾਫ਼ੇ ਲਈ ਰਲਵੀਆਂ ਫ਼ਸਲਾਂ ਜਿਵੇਂ ਕਿ ਤੋਰੀਆ, ਆਲੂ, ਲਸਣ ਆਦਿ ਬੀਜ ਸਕਦੇ ਹੋ।

**ਤੇਲ ਬੀਜ :** ਸਤੰਬਰ ਦਾ ਮਹੀਨਾ ਤੋਰੀਆ ਬੀਜਣ ਲਈ ਬਹੁਤ ਹੀ ਵਧੀਆ ਹੈ। ਜੇਕਰ ਸਮੇਂ ਸਿਰ ਖੇਤ ਵਿਹਲਾ ਚਾਹੁੰਦੇ ਹੋ ਤਾਂ ਤੋਰੀਏ ਦੀਆਂ ਥੋੜ੍ਹਾ ਸਮਾਂ ਲੈਣ ਵਾਲੀਆਂ ਟੀ.ਐਲ.17 ਜਾਂ ਟੀ.ਐੱਲ.15 ਕਿਸਮਾਂ ਬੀਜੋ। ਤੋਰੀਆ ਬੀਜਣ ਸਮੇਂ ਖੇਤ ਵਿੱਚ 55 ਕਿਲੋ ਯੂਰੀਆ ਅਤੇ 50 ਕਿਲੋ ਸਿੰਗਲ ਸੁਪਰਫਾਸਫੇਟ ਪਾਉ। ਜੇਕਰ ਸੁਪਰਫਾਸਫੇਟ ਖਾਦ ਨਾ ਮਿਲੇ ਤਾਂ 80 ਕਿਲੋ ਜਿਪਸਮ ਪ੍ਰਤੀ ਏਕੜ ਖਾਸ ਕਰਕੇ ਗੰਧਕ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ ਨਾਈਟ੍ਰੋਜਨ ਤੇ ਫਾਸਫੋਰਸ ਵਾਲੀਆਂ ਖਾਦਾਂ ਦੇ ਨਾਲ ਜਰੂਰ ਪਾਓ। ਤੇਲ ਬੀਜਾਂ ਦਾ ਵਧੇਰੇ ਝਾੜ ਲੈਣ ਲਈ ਤੋਰੀਆ ਅਤੇ ਗੋਭੀ ਸਰ੍ਹੋਂ ਇੱਕਠੇ ਅੱਧ ਸਤੰਬਰ ਨੂੰ ਬੀਜ ਦਿਓ। ਬਿਜਾਈ 22.5 ਸੈਂਟੀਮੀਟਰ ਦੂਰੀ ਦੀਆਂ ਕਤਾਰਾਂ ਵਿੱਚ ਕਰੋ ਜਾਂ ਤੋਰੀਏ ਦਾ ਛਟਾ ਦੇ ਕੇ ਗੋਭੀ ਸਰੋਂ ਨੂੰ 45 ਸੈਂਟੀਮੀਟਰ ਵਿੱਥ ਦੀਆਂ ਕਤਾਰਾਂ ਤੇ ਦੋਨੋਂ ਫਸਲਾਂ ਦਾ 1-1 ਕਿਲੋ ਬੀਜ ਵਰਤੋ।

**ਮੂੰਗਫ਼ਲੀ :** ਡੋਡੀਆਂ ਤੇ ਆਈ ਫ਼ਸਲ ਨੂੰ ਪਾਣੀ ਦੀ ਘਾਟ ਨਾ ਆਉਣ ਦਿਉ, ਨਹੀਂ ਤਾਂ ਮੂੰਗਫ਼ਲੀ ਦਾ ਝਾੜ ਬਹੁਤ ਹੀ ਘੱਟ ਜਾਵੇਗਾ। ਟਿੱਕਾ ਰੋਗ ਤੋਂ ਬਚਾਉਣ ਲਈ ਅਗਸਤ ਦੇ ਪਹਿਲੇ ਹਫ਼ਤੇ ਤੋਂ 500-750 ਗ੍ਰਾਮ ਘੁਲਣਸ਼ੀਲ ਸਲਫਰ ਨੂੰ 200-300 ਲਿਟਰ ਪਾਣੀ ਵਿੱਚ ਘੋਲ ਕੇ ਜਾਂ ਬਾਵਿਸਟਨ/ਡੈਰੋਸਲ/ਐਗਰੋਜ਼ਿਮ 50-60 ਗ੍ਰਾਮ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਮੂੰਗਫ਼ਲੀ ਦੀ ਫ਼ਸਲ ਤੇ ਛਿੜਕਾਅ ਸ਼ੁਰੂ ਕਰੋ ਅਤੇ 15 ਦਿਨਾਂ ਦੇ ਵਕਫੇ ਤੇ 3-4 ਛਿੜਕਾਅ ਦੁਹਰਾਓ।

**ਹਰੇ ਚਾਰੇ:** ਸਤੰਬਰ ਦੇ ਅੱਧ ਵਿੱਚ ਚਾਰੇ ਲਈ ਮੱਕੀ (ਜੇ-1007 ਅਤੇ ਜੇ-1006) ਬੀਜ ਦਿਉ। ਬਰਸੀਮ ਲਈ ਖੇਤ ਤਿਆਰ ਕਰ ਲਉ ਅਤੇ ਅਖ਼ੀਰਲੇ ਹਫ਼ਤੇ ਬੀਜ ਦਿਉ। ਬੀਜਣ ਸਮੇਂ ਬਰਸੀਮ ਵਿੱਚ ਜਵੀਂ ਅਤੇ ਸਰ੍ਹੋਂ ਰਲਾ ਦਿਉ ਤਾਂ ਜੋ ਪਹਿਲੀ ਕਟਾਈ ਭਰਵੀਂ ਮਿਲੇ। ਬਰਸੀਮ ਦਾ ਬੀਜ ਕਾਸ਼ਨੀ ਰਹਿਤ ਹੋਣਾ ਚਾਹੀਦਾ ਹੈ। ਬੀਜਣ ਤੋਂ ਪਹਿਲਾਂ ਬੀਜ ਨੂੰ ਰਾਈਜੋਬੀਅਮ ਦੇ ਟੀਕੇ ਨਾਲ ਸੋਧ ਲਉ।ਬਰਸੀਮ ਦੀ ਬੀਜਾਈ ਸਮੇਂ 22 ਕਿੱਲੋ ਯੂਰੀਆ ਅਤੇ 185 ਕਿੱਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਉ। ਜੇਕਰ ਖੇਤ ਵਿੱਚ 6 ਟਨ ਗਲੀ-ਸੜੀ ਰੂੜੀ ਪਾਈ ਹੋਵੇ ਤਾਂ 125 ਕਿੱਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਉ। ਬਰਸ਼ੀਮ ਵਿੱਚ ਜੇਕਰ ਰਾਈ ਘਾਹ ਮਿਲਾ ਕੇ ਬੀਜਿਆ ਹੋਵੇ ਤਾਂ 22 ਕਿੱਲੋ ਯੂਰੀਆ ਖਾਦ ਹਰ ਕਟਾਈ ਮਗਰੋਂ ਪਾਓ। ਮੱਕੀ, ਬਾਜਰੇ ਦੇ ਵਾਧੂ ਹਰੇ ਚਾਰੇ ਦਾ ਆਚਾਰ ਬਣਾ ਲਉ ਤਾਂ ਕਿ ਹਰੇ ਚਾਰੇ ਦੀ ਘਾਟ ਸਮੇਂ ਵਰਤਿਆ ਜਾਵੇ।

**ਸਬਜ਼ੀਆਂ**

**ਆਲੂ:** ਇਹ ਮਹੀਨਾ ਆਲੂ ਦੀਆਂ ਅਗੇਤੀਆਂ ਕਿਸਮਾਂ ਜਿਵੇਂ ਕਿ ਕੁਫ਼ਰੀ ਸੂਰੀਯਾ, ਕੁਫ਼ਰੀ ਚੰਦਰਮੁਖੀ, ਕੁਫ਼ਰੀ ਅਸ਼ੋਕਾ ਜਾਂ ਕੁਫ਼ਰੀ ਪੁਖਰਾਜ ਦੀ ਬਿਜਾਈ ਲਈ ਢੁੱਕਵਾਂ ਹੈ ।ਮਹੀਨੇ ਦੇ ਪਹਿਲੇ ਪੰਦਰਵਾੜੇ ਸਟੋਰ ਵਿਚੋਂ ਬੀਜ ਕੱਢ ਦਿਉ ਅਤੇ ਇਸ ਨੂੰ ਹਵਾਦਾਰ ਕਮਰੇ ਵਿੱਚ ਜਿੱਥੇ ਰੌਸ਼ਨੀ ਘੱਟ ਹੋਵੇ ਪਤਲੀ ਤਹਿ ਵਿੱਚ ਵਿਛਾ ਦਿਉ। ਇਨ੍ਹਾਂ ਨੂੰ ਦਿਨ ਵਿੱਚ ਇਕ ਵਾਰ ਹਿਲਾਉ ਅਤੇ ਪੁੰਗਰੇ ਹੋਏ ਹਿੱਸੇ ਜਦ 0.5 ਤੋਂ 1.0 ਸੈ.ਮੀ. ਤੱਕ ਲੰਬੇ ਹੋ ਜਾਣ ਤਦ ਬਿਜਾਈ ਕਰੋ। ਬਿਮਾਰੀ ਰਹਿਤ ਨਰੋਆ ਬੀਜ ਵਰਤੋ। ਆਲੂਆਂ ਦੇ ਖਰੀਂਢ ਰੋਗ ਦੀ ਰੋਕਥਾਮ ਲਈ ਬਿਜਾਈ ਤੋਂ ਪਹਿਲਾਂ ਬੀਜ ਨੂੰ 80 ਮਿ.ਲਿ. ਸਿਸਟੀਵਾ ਜਾਂ 83 ਮਿ.ਲਿ ਇਮੈਸਟੋ ਪ੍ਰਾਈਮ. ਜਾਂ 250 ਮਿ.ਲਿ.ਮੋਨਸਰਨ 100 ਲਿਟਰ ਪਾਣੀ ਦੇ ਘੋਲ ਵਿੱਚ 10 ਮਿੰਟ ਲਈ ਭਿਉਂ ਕੇ ਸੋਧ ਲਉ। ਬਿਜਾਈ ਸਮੇਂ 80 ਕਿੱਲੋ ਯੂਰੀਆ, 155 ਕਿੱਲੋ ਸਿੰਗਲ ਸੁਪਰਫਾਸਫੇਟ ਅਤੇ 40 ਕਿੱਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਖੇਤ ਵਿੱਚ 20 ਟਨ ਰੂੜੀ ਜਾਂ ਹਰੀ ਖਾਦ ਪਾਉ। ਨਦੀਨਾਂ ਦੀ ਰੋਕਥਾਮ ਲਈ ਗਰੈਮੋਕਸੋਨ 500 ਮਿ. ਲਿ. ਪ੍ਰਤੀ ਏਕੜ ਜਦੋਂ ਬਹੁਤ ਸਾਰੇ ਨਦੀਨ ਉੱਗ ਆਏ ਹੋਣ ਅਤੇ ਆਲੂਆਂ ਦੀ ਫ਼ਸਲ ਸਿਰਫ਼ 5-10 ਪ੍ਰਤੀਸ਼ਤ ਤੱਕ ਉੱਗੀ ਹੋਵੇ ਤਾਂ ਛਿੜਕਾਅ ਕਰੋ। 250-300 ਲਿਟਰ ਪਾਣੀ ਨੈਪਸੈਕ ਪੰਪ ਲਈ ਅਤੇ 100 ਲਿਟਰ ਪਾਣੀ ਮੋਟਰ ਵਾਲੇ ਪੰਪ ਲਈ ਪ੍ਰਤੀ ਏਕੜ ਵਰਤੋ।

**ਮਟਰ :** ਜੇਕਰ ਮਟਰ ਖੇਤ ਵਿੱਚ ਪਹਿਲੀ ਵਾਰ ਬੀਜਣੇ ਹਨ ਤਾਂ 45 ਕਿੱਲੋ ਬੀਜ ਜਲਦੀ ਪੱਕਣ ਵਾਲੀਆਂ ਕਿਸਮਾਂ ਮਟਰ ਏ ਪੀ -3 ਅਤੇ ਮਟਰ ਅਗੇਤਾ-7 ਨੂੰ ਰਾਈਜ਼ੋਬੀਅਮ ਦੇ ਟੀਕੇ ਨਾਲ ਸੋਧ ਲਉ। ਬਿਜਾਈ ਸਮੇਂ 45 ਕਿਲੋ ਯੂਰੀਆ ਅਤੇ 155 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ। ਬਿਜਾਈ ਵੱਤਰ ਜ਼ਮੀਨਾਂ ਵਿੱਚ ਕਰੋ।ਮਟਰਾਂ ਦੇ ਉਖੇੜੇ ਅਤੇ ਜੜ੍ਹ ਦੇ ਗਲਣ ਦੀ ਰੋਕਥਾਮ ਲਈ ਅਗੇਤੀ ਬਿਜਾਈ ਨਾ ਕਰੋ। ਤਣੇ ਦੀ ਮੱਖੀ ਤੋਂ ਫ਼ਸਲ ਨੂੰ ਬਚਾਉਣ ਲਈ ਬੀਜਾਈ ਸਮੇਂ 10 ਕਿਲੋ ਫਿਊਰਾਡਾਨ 3 ਜੀ ਪ੍ਰਤੀ ਏਕੜ ਸਿਆੜਾਂ ਵਿਚ ਪਾਓ।

**ਲਸਣ:** ਲਸਣ ਦੀ ਦੀ ਪੀ. ਜੀ.-18 ਕਿਸਮ ਇਸ ਸਮੇਂ ਤੇ ਬੀਜਾਈ ਲਈ ਢੁਕਵੀਂ ਹੈ। ਇਸ ਮਹੀਨੇ ਦੇ ਦੂਸਰੇ ਪੰਦਰਵਾੜੇ ਵਿੱਚ ਗਲੀ ਸੜੀ ਰੂੜੀ ਦੀ ਖਾਦ 20 ਟਨ ਪ੍ਰਤੀ ਏਕੜ ਪਾ ਕੇ ਚੰਗੀ ਤਰ੍ਹਾਂ ਮਿੱਟੀ ਵਿੱਚ ਰਲਾ ਦਿਉ। ਫ਼ਸਲ ਨੂੰ 40 ਕਿੱਲੋ ਯੂਰੀਆ ਅਤੇ 155 ਕਿੱਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਬਿਜਾਈ ਸਮੇਂ ਪਾਉ ।ਲਸਣ ਦੀਆਂ 225 ਤੋਂ 250 ਕਿਲੋ ਤੁਰੀਆਂ ਵੱਟਾਂ ਉੱਤੇ ਲਾ ਦਿਉ। ਕਤਾਰਾਂ ਦਾ ਫ਼ਾਸਲਾ 15 ਸੈ.ਮੀ. ਅਤੇ ਬੂਟਿਆਂ ਦਾ ਫ਼ਾਸਲਾ 7.5 ਸੈ.ਮੀ. ਹੋਣਾ ਚਾਹੀਦਾ ਹੈ। ਬੀਜਣ ਤੋਂ ਇੱਕ ਦਮ ਬਾਅਦ ਪਾਣੀ ਦਿਉ।

**ਪਾਲਕ**: ਪਾਲਕ ਦੀ ਪੰਜਾਬ ਗਰੀਨ ਕਿਸਮ ਦਾ 4-6 ਕਿੱਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਪਾਓ। ਬੀਜ ਨੂੰ ਕਤਾਰਾਂ ਵਿਚ 20 ਸੈਂਟੀਮੀਟਰ ਦਾ ਫ਼ਾਸਲਾ ਰੱਖ ਕੇ 3-4 ਸੈਂਟੀਮੀਟਰ ਡੂੰਘਾ ਵੱਤਰ ਜਮੀਨ ਵਿੱਚ ਬੀਜੋ ।

**ਫੁੱਲਗੋਭੀ ਅਤੇ ਹੋਰ ਗੋਭੀ ਦੀਆਂ ਫ਼ਸਲਾਂ**: 55 ਕਿੱਲੋ ਯੂਰੀਆ, 155 ਕਿੱਲੋ ਸਿੰਗਲ ਸੁਪਰਫਾਸਫੇਟ ਅਤੇ 40 ਕਿੱਲੋ ਮਿਊਰੇਟ ਆਫ਼ ਪੋਟਾਸ਼ ਖਾਦ ਪ੍ਰਤੀ ਏਕੜ ਪਾਉ। ਬਾਕੀ ਦੀ 55 ਕਿੱਲੋ ਯੂਰੀਆ ਪਨੀਰੀ ਲਾਉਣ ਤੋਂ 4 ਹਫਤੇ ਪਿੱਛੋ ਪਾਓ।ਫਿਰ ਵੱਟਾਂ ਤੇ 4 ਤੋਂ 6 ਹਫ਼ਤੇ ਦੀ ਗੋਭੀ ਦੀ ਤਿਆਰ ਪਨੀਰੀ ਲਗਾ ਦਿਉ। ਪਿਛੇਤੀ ਗੋਭੀ ਲਈ ਪੂਸਾ ਸਨੋਬਾਲ ਕੇ-1/ਪੂਸਾ ਸਨੋਬਾਲ-1 ਕਿਸਮ ਦਾ 250 ਗ੍ਰਾਮ ਬੀਜ ਇਕ ਮਰਲੇ ਵਿੱਚ ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ ਬੀਜੋ।

**ਜੜ੍ਹਦਾਰ ਸਬਜ਼ੀਆਂ**: ਮੂਲੀ ਦੀਆਂ ਦੇਸੀ ਕਿਸਮਾਂ ਪੰਜਾਬ ਸਫੇਦ ਮੂਲੀ-2, ਸ਼ਲਗਮ (ਐੱਲ-1) ਅਤੇ ਗਾਜਰ (ਪੰਜਾਬ ਬਲੈਕ ਬਿਊਟੀ ਅਤੇ ਪੀ ਸੀ-161) ਦੀ ਬਿਜਾਈ ਸ਼ੁਰੂ ਕਰ ਦਿਓ। ਮੂਲੀ ਅਤੇ ਗਾਜਰ ਦਾ 4-5 ਕਿਲੋ ਅਤੇ ਸ਼ਲਗਮ ਦਾ 2-3 ਕਿੱਲੋ ਬੀਜ ਪ੍ਰਤੀ ਏਕੜ ਪਾਓ। ਕਤਾਰਾਂ ਵਿਚਕਾਰ 45 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ ਫ਼ਾਸਲਾ 7.5 ਸੈਂਟੀਮੀਟਰ ਰੱਖੋ। ਜੜ੍ਹਦਾਰ ਸਬਜ਼ੀਆਂ ਦੀ ਵੱਟਾਂ ਤੇ ਬੀਜਾਈ ਕਰਨ ਨਾਲ ਵਧੀਆ ਵਾਧਾ, ਝਾੜ ਜਿਆਦਾ ਅਤੇ ਪੁਟਾਈ ਸੌਖੀ ਹੁੰਦੀ ਹੈ।

### ਬਾਗ਼ਬਾਨੀ:

1. ਸਦਾ ਹਰੇ ਰਹਿਣ ਵਾਲੇ ਫ਼ਲਦਾਰ ਬੂਟੇ ਜਿਵੇਂ ਅੰਬ, ਨਿੰਬੂ ਜਾਤੀ ਦੇ ਬੂਟੇ (ਕਿੰਨੂ, ਮਾਲਟਾ, ਮਿੱਠਾ ਨਿੰਬੂ, ਬਾਰਾਮਾਸੀ ਨਿੰਬੂ), ਲੀਚੀ, ਅਮਰੂਦ, ਲੁਕਾਠ, ਆਮਲਾ ਅਤੇ ਪਪੀਤੇ ਦੇ ਬੂਟੇ ਲਗਾਉਣ ਦਾ ਬਹੁਤ ਹੀ ਢੁੱਕਵਾਂ ਸਮਾਂ ਹੈ। ਪਰ ਇਹ ਬੂਟੇ ਛੇਤੀ ਤੋਂ ਛੇਤੀ ਲਗਾ ਦੇਣੇ ਚਾਹੀਦੇ ਹਨ ਕਿਉਂਕਿ ਫ਼ਿਰ ਤਾਪਮਾਨ ਵਿੱਚ ਗਿਰਾਵਟ ਹੋਣ ਨਾਲ ਪੌਦਿਆਂ ਦਾ ਵਾਧਾ ਸ਼ੁਰੂ ਨਹੀ ਹੁੰਦਾ ।
2. ਨਵੇਂ ਲਗਾਏ ਗਏ ਬੂਟੇ ਬਹੁਤ ਹੀ ਕੋਮਲ ਹੁੰਦੇ ਹਨ, ਇਸ ਲਈ ਉਹ ਖਾਸ ਦੇਖਭਾਲ ਮੰਗਦੇ ਹਨ।ਉਨ੍ਹਾਂ ਦੀ ਕਾਂਟ-ਛਾਂਟ, ਤਣੇ ਦੀ ਸਫ਼ੈਦੀ, ਪਾਣੀ ਅਤੇ ਹੋਰ ਬੂਟੇ ਤੇ ਸੁਰੱਖਿਆ ਪ੍ਰਬੰਧਾਂ ਵੱਲ ਧਿਆਨ ਦਿਉ।
3. ਨਿੰਬੂ ਜਾਤੀ ਦੇ ਬੂਟਿਆਂ ਨੂੰ ਫਲਾਂ ਦੀ ਕੇਰ ਤੋਂ ਬਚਾਉਣ ਲਈ 5 ਗ੍ਰਾਮ 2,4-ਡੀ (ਸੋਡੀਅਮ ਸਾਲਟ ਹੋਰਟੀਕਲਚਰ ਗਰੇਡ) ਦਾ ਛਿੜਕਾਅ ਅੱਧ ਸਤੰਬਰ ਵਿੱਚ ਛਿੜਕਾਅ ਕਰੋ ।
4. ਨਿੰਬੂ ਜਾਤੀ ਦੇ ਬੂਟਿਆਂ ਵਿੱਚ ਸੁਰੰਗੀ ਕੀੜੇ ਦੀ ਰੋਕਥਾਮ ਲਈ 200 ਮਿ.ਲਿ ਕ੍ਰੋਕੋਡਾਈਲ 17.8 ਐਸ ਐਲ ਅਤੇ ਸਿਟਰਸ ਸਿੱਲੇ ਦੀ ਰੋਕਥਾਮ ਲਈ 160 ਗ੍ਰਾਮ ਐਕਟਾਰਾ 25 ਡਬਲਯੂ ਜੀ ਜਾਂ 200 ਮਿ.ਲਿ. ਕਰੋਕੋਡਾਈਲ 17.8 ਐਸ ਐਲ ਜਾਂ 6.25 ਲਿਟਰ ਮੈਕ ਐਚ ਐਮ ਓ ਦਾ 500 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ। ਟਹਿਣੀਆਂ ਦਾ ਸੁੱਕਣਾ ਅਤੇ ਫ਼ਲ ਗਲਣ ਦੀ ਰੋਕਥਾਮ ਲਈ ਨਿੰਬੂ ਜਾਤੀ ਦੇ ਬੂਟਿਆਂ ਤੇ ਬੋਰਡੋ ਮਿਸ਼ਰਣ ਦਾ ਘੋਲ 2:2:250 ਛਿੜਕਾਅ ਕਰੋ।
5. ਅੰਗੂਰਾਂ ਦੀਆਂ ਟਹਿਣੀਆਂ ਸੁੱਕਣ ਦੀ ਬਿਮਾਰੀ ਦੀ ਰੋਕਥਾਮ ਲਈ ਅੰਗੂਰਾਂ ਦੀਆਂ ਵੇਲਾਂ ਉਪਰ ਬੋਰਡੋ ਮਿਸ਼ਰਣ 2:2:250 ਦਾ ਛਿੜਕਾਅ ਅੱਧ ਸਤੰਬਰ ਵਿੱਚ ਕਰੋ ਅਤੇ ਪੀਲੇ ਧੱਬਿਆਂ ਦੀ ਰੋਕਥਾਮ ਲਈ ਫਿਰ ਦੁਬਾਰਾ ਇਹ ਛਿੜਕਾਅ ਸਤੰਬਰ ਦੇ ਅਖੀਰ ਵਿੱਚ ਕਰੋ।
6. ਬੇਰਾਂ ਦੇ ਪੱਤਿਆਂ ਦੇ ਧੱਬਿਆਂ ਦੀ ਰੋਕਥਾਮ ਲਈ ਬੋਰਡੋ ਮਿਸ਼ਰਣ ਦਾ ਘੋਲ 2:2:250 ਜਾਂ 0.3 ਪ੍ਰਤੀਸ਼ਤ ਕਾਪਰ ਔਕਸੀਕਲੋਰਾਈਡ ਦਾ ਛਿੜਕਾਅ ਕਰੋ।ਬੇਰੀਆਂ ਤੇ ਲਾਖ ਦੇ ਕੀੜੇ ਦੀ ਰੋਕਥਾਮ ਲਈ ਕੀੜਾ ਗ੍ਰਸਤ ਟਾਹਣੀਆਂ ਨੂੰ ਕੱਟ ਦਿਓ ।
7. ਲੁਕਾਠ ਦੇ ਪੂਰੇ ਵੱਡੇ ਦਰਖ਼ਤ ਨੂੰ 50 ਕਿਲੋ ਦੇਸੀ ਰੂੜੀ, 2 ਕਿਲੋ ਸਿੰਗਲ ਸੁਪਰਫਾਸਫੇਟ ਅਤੇ 1.5 ਕਿਲੋ ਮਿਊਰੇਟ ਆਫ਼ ਪੋਟਾਸ਼ ਇਸ ਮਹੀਨੇ ਪਾਉ।
8. ਨਾਸ਼ਪਾਤੀ ਦੀ ਪੰਜਾਬ ਬਿਊਟੀ ਦੇ ਪੂਰੇ ਵੱਡੇ ਦਰੱਖਤਾਂ ਨੂੰ 500 ਗ੍ਰਾਮ ਯੂਰੀਆਂ ਦੀ ਵਾਧੂ ਕਿਸ਼ਤ ਇਸੇ ਮਹੀਨੇ ਹੀ ਪਾਓ।
9. ਅਮਰੂਦਾਂ ਦੇ ਪੂਰੇ ਵਧੇ ਦਰੱਖਤਾਂ ਨੂੰ 500 ਗ੍ਰਾਮ ਯੂਰੀਆ, 1250 ਗ੍ਰਾਮ ਸਿੰਗਲ ਸੁਪਰ ਫਾਸਫੇਟ ਅਤੇ 750 ਗ੍ਰਾਮ ਮਿਊਰੇਟ ਆਫ ਪੋਟਾਸ ਰਸਾਇਣਿਕ ਖਾਦਾਂ ਦੀ ਦੂਜੀ ਕਿਸਤ ਵਜੋਂ ਪਾਉ।

### ਸਜਾਵਟੀ ਬੂਟੇ

**ਮੌਸਮੀ ਫੁੱਲ**: ਸਰਦੀ ਵਾਲੇ ਮੌਸਮੀ ਫੁੱਲਾਂ ਦੀ ਪਨੀਰੀ ਤਿਆਰ ਕਰਨ ਲਈ ਬੀਜ ਉੱਭਰਵੀਆਂ ਕਿਆਰੀਆਂ ਵਿੱਚ ਬੀਜੇ ਜਾ ਸਕਦੇ ਹਨ। ਬੀਜ ਬੀਜਣ ਦੇ ਤੁਰੰਤ ਬਾਅਦ ਹਲਕਾ ਪਾਣੀ ਦਿਉ। ਇਸ ਤੋਂ ਬਾਅਦ ਹਰ ਰੋਜ਼ ਸਵੇਰੇ ਅਤੇ ਸ਼ਾਮੀ ਪਾਣੀ ਜ਼ਰੂਰ ਲਾਉ। ਜਿਨ੍ਹਾਂ ਫੁੱਲਾਂ ਦੇ ਬੀਜ ਬਹੁਤ ਸਖਤ ਹੁੰਦੇ ਹਨ ਜਿਵੇਂ ਕਿ ਸਜਾਵਟੀ ਮਟਰ, ਇਹਨਾਂ ਨੂੰ ਪਾਣੀ ਵਿੱਚ ਇਕ ਰਾਤ ਭਿਉਣ ਤੋਂ ਬਾਅਦ ਸਿੱਧੇ ਹੀ ਕਿਆਰੀਆਂ ਵਿੱਚ ਲਾਇਆ ਜਾ ਸਕਦਾ ਹੈ।

**ਘਾਹ ਦਾ ਮੈਦਾਨ**: ਘਾਹ ਕੱਟਣ ਵਾਲੀ ਮਸ਼ੀਨ ਦੇ ਬਲੇਡ ਨੀਵੇਂ ਕਰ ਦਿਉ ਤਾਂ ਕਿ ਘਾਹ ਨੀਵੇਂ ਤੋਂ ਨੀਵਾਂ ਕੱਟਿਆ ਜਾ ਸਕੇ। ਜੇਕਰ ਲਾਅਨ ਹਰਾ ਭਰਾ ਨਹੀਂ ਤਾਂ ਅੱਧਾ ਕਿਲੋ ਯੂਰੀਆ ਪ੍ਰਤੀ 1000 ਵਰਗ ਫੁੱਟ ਦੇ ਹਿਸਾਬ ਨਾਲ ਪਾ ਕੇ ਪਾਣੀ ਲਾਉ।

**ਗੁਲਦਾਉਦੀ** : ਬਾਰਸ਼ ਦਾ ਪਾਣੀ ਗੁਲਦਾਉਦੀ ਦੇ ਗਮਲਿਆਂ ਵਿੱਚ ਨਾ ਖੜ੍ਹਨ ਦਿਉ ਨਹੀਂ ਤਾਂ ਬੂਟੇ ਪੀਲੇ ਪੈ ਜਾਂਦੇ ਹਨ। ਬੂਟਿਆਂ ਦੀ ਸੋਧਾਈ ਕਰਦੇ ਰਹੋ।

ਗੁਲਾਬ : ਮਹੀਨੇ ਦੇ ਦੂਸਰੇ ਪੰਦਰਵਾੜੇ ਵਿੱਚ ਪਾਣੀ ਨਾ ਦਿਉ ਤਾਂ ਕੇ ਬੂਟਿਆਂ ਨੂੰ ਕਾਂਟ-ਛਾਂਟ ਲਈ ਤਿਆਰ ਕੀਤਾ ਜਾ ਸਕੇ।ਕਾਂਟ-ਛਾਂਟ ਅਕਤੂਬਰ ਦੇ ਪਹਿਲੇ ਪੰਦਰਵਾੜੇ ਕੀਤੀ ਜਾ ਸਕਦੀ ਹੈ।

**ਗੇਂਦਾ**: ਸਰਦੀਆਂ ਵਾਲੇ ਗੇਂਦੇ ਦੀ ਫਸਲ ਲੈਣ ਲਈ ਪਨੀਰੀ ਬੀਜ ਲਓ। ਪੰਜਾਬ ਗੇਂਦਾ ਨੰ.1 ਦੀ ਫਸਲ ਨੂੰ ਮੜ੍ਹੁੰਚ ਦਿਓ।

**ਗਲੈਡਿਓਲਸ ਅਤੇ ਹੋਰ ਗੰਢਿਆਂ ਵਾਲੀਆਂ ਫਸਲਾਂ**: ਗਲੈਂਡਿਓਲਸ ਦੇ ਗੰਢੇ ਬੀਜਣ ਲਈ ਇਹ ਢੁਕਵਾਂ ਸਮਾਂ ਹੈ।ਬਿਜਾਈ ਪੰਦਰਾਂ ਦਿਨਾਂ ਦੇ ਵਕਫੇ ਤੇ ਕਰੋ ਤਾਂ ਜੋ ਫੁੱਲਾਂ ਦੀ ਪੈਦਾਵਾਰ ਲੰਬੇ ਸਮੇਂ ਤੱਕ ਮਿਲ ਸਕੇ। ਖੇਤੀਬਾੜੀ ਯੂਨੀਵਰਸਿਟੀ ਵੱਲੋ ਵਿਕਸਤ ਕਿਸਮਾਂ ਦੀ ਬਿਜਾਈ ਕਰੋ। ਨਰਗਿਸ, ਫ਼ਰੀਜ਼ੀਆ ਆਦਿ ਦੇ ਗੰਢਿਆਂ ਦੀ ਬੀਜਾਈ ਵੀ ਕੀਤੀ ਜਾ ਸਕਦੀ ਹੈ। ਡਬਲ ਡੇਲੀਆ ਦੇ ਬੂਟੇ ਕਲਮਾਂ ਅਤੇ ਗੰਢਿਆਂ ਤੋਂ ਇਸ ਮਹੀਨੇ ਵਧਾਏ ਜਾ ਸਕਦੇ ਹਨ।

### ਵਣ ਖੇਤੀ

**ਪਾਪਲਰ** : ਤਾਪਮਾਨ ਘੱਟਣ ਕਰਕੇ ਪਾਣੀ ਹਫ਼ਤੇ ਦੀ ਬਜਾਏ ਪੰਦਰਾਂ ਦਿਨ ਬਾਅਦ ਲਗਾਉਣਾ ਚਾਹੀਦਾ ਹੈ। ਤਿੰਨ ਸਾਲ ਤੋਂ ਘੱਟ ਉਮਰ ਦੇ ਪਾਪਲਰ ਹੇਠਾਂ ਪੱਤਝੜ ਕਮਾਦ ਨੂੰ ਲਗਾਇਆ ਜਾ ਸਕਦਾ ਹੈ ।ਚਾਰੇ ਲਈ ਮੱਕੀ, ਚਰ੍ਹੀ ਤੇ ਬਾਜਰਾ ਦੀ ਫ਼ਸਲ ਕਿਸੇ ਵੀ ਉਮਰ ਦੇ ਪਾਪਲਰ ਵਿੱਚ ਲਾਈ ਜਾ ਸਕਦੀ ਹੈ।ਪਾਪਲਰ ਦੀ ਨਰਸਰੀ ਤੇ ਪੱਤੇ ਖਾਣ ਵਾਲੀਆਂ ਸੁੰਡੀਆਂ ਦੇ ਹਮਲੇ ਦਾ ਸਮਾਂ ਹੈ। ਇਨ੍ਹਾਂ ਦੀ ਰੋਕਥਾਮ ਲਈ ਹਮਲੇ ਵਾਲੇ ਪੱਤਿਆਂ ਨੂੰ ਤੋੜ ਕੇ ਸਾੜ ਦੇਣਾ ਚਾਹੀਦਾ ਹੈ।

**ਸਫ਼ੈਦਾ** : ਇਸ ਮਹੀਨੇ ਦੇ ਪਹਿਲੇ ਪੰਦਰਵਾੜੇ ਤੱਕ ਸਫ਼ੈਦਾ ਦੀ ਨਰਸਰੀ ਬੀਜੀ ਜਾ ਸਕਦੀ ਹੈ। ਉੱਚੀਆਂ ਕਿਆਰੀਆਂ ਤੇ 10 ਸੈ.ਮੀ. ਫਾਸਲੇ ਤੇ ਲਕੀਰਾਂ ਵਿੱਚ ਜਾਂ ਛੱਟਾ ਦੇ ਕੇ ਨਰਸਰੀ ਬੀਜ ਦਿਓ।ਕਿਆਰਿਆਂ ਨੂੰ ਘਾਹ ਦੇ ਬਣੇ ਛੱਪਰ ਨਾਲ ਢੱਕ ਦਿਉ ਅਤੇ ਫੁਹਾਰੇ ਨਾਲ ਪਾਣੀ ਸਪਰੇ ਕਰਦੇ ਰਹੋ ਤਾਂ ਜੋ ਮਿੱਟੀ ਦੀ ਸਤਹਿ ਗਿੱਲੀ ਰਹੇ। ਬੀਜ ਦੇ ਜੰਮਣ ਤੋਂ ਬਾਅਦ ਜਦੋਂ ਪਨੀਰੀ ਦੇ 3-4 ਪੱਤੇ ਨਿਕਲ ਆਉਣ ਤਾਂ ਇਨ੍ਹਾਂ ਨੂੰ ਪਾਲੀਥੀਨ ਦੇ ਲਿਫ਼ਾਫ਼ਿਆਂ (9"×6" ਇੰਚ ਆਕਾਰ) ਵਿੱਚ ਜੋ ਕਿ

ਨਰਸਰੀ ਦੀ ਮਿੱਟੀ ਅਤੇ ਗਲੀ ਸੜੀ ਰੂੜੀ ਦੇ 1:1 ਦੇ ਅਨੁਪਾਤ ਵਿੱਚ ਬਣਾਈ ਹੋਈ ਮਿਸ਼ਰਣ ਨਾਲ ਭਰੇ ਹੋਣ, ਵਿੱਚ ਬਦਲ ਦਿਉ। ਇਹ ਪਨੀਰੀ ਮਾਰਚ ਤੱਕ ਲਗਾਉਣ ਯੋਗ ਹੋ ਜਾਂਦੀ ਹੈ।

**ਸ਼ਹਿਦ ਦੀਆਂ ਮੱਖੀਆਂ ਪਾਲਣਾ:** ਜੇਕਰ ਉਪਲੱਭਧ ਫੁੱਲ-ਫੁਲਾਕੇ ਤੋਂ ਨੈਕਟਰ ਆ ਰਿਹਾ ਹੋਵੇ ਤਾਂ ਲੋੜ ਮੁਤਾਬਕ ਹੋਰ ਬਣੇ ਹੋਏ ਛੱਤੇ ਜਾਂ ਬੁਨਿਆਦੀ ਸ਼ੀਟਾਂ ਲੱਗੀਆਂ ਫਰੇਮਾਂ ਅਤੇ ਸੁਪਰ ਚੈਂਬਰ ਦਿਉ। ਜੇਕਰ ਫ਼ਸਲਾਂ ਤੋਂ ਵਾਧੂ ਨੈਕਟਰ ਆ ਰਿਹਾ ਹੋਵੇ ਤਾਂ ਕਟੁੰਬਾਂ ਵਿੱਚੋਂ ਪੱਕਿਆ ਹੋਇਆ (ਸੀਲ) ਸ਼ਹਿਦ, ਇਸ ਦੇ ਹੋਣ ਦੀ ਸੂਰਤ ਵਿੱਚ ਬਰੂਡ ਰਹਿਤ ਛੱਤਿਆਂ ਵਿੱਚੋਂ ਕੱਢ ਲਿਆ ਜਾਣਾ ਚਾਹੀਦਾ ਹੈ। ਸ਼ਹਿਦ ਕੱਢਣ ਦੌਰਾਨ ਅਤੇ ਉਪਰੰਤ ਲੋੜੀਂਦੇ ਰੋਬਿੰਗ ਰੋਕੂ ਅਹਿਤਿਆਤ ਵਰਤਣੇ ਚਾਹੀਦੇ ਹਨ। ਬਾਹਰੀ ਪ੍ਰਜੀਵੀ ਬਰੂਡ ਮਾਈਟ (ਟਰੋਪਲੀਲੈਪਸ ਕਲੈਰੀ) ਦੇ ਹਮਲੇ ਦੀ ਹੋਂਦ ਵਿੱਚ ਛੱਤਿਆਂ ਦੇ ਉੱਪਰਲੀਆਂ ਡੰਡੀਆਂ (ਟਾਪ ਬਾਰ) ਉਤੇ ਗੰਧਕ ਦਾ ਧੂੜਾ ਇੱਕ ਗ੍ਰਾਮ ਪ੍ਰਤੀ ਛੱਤੇ ਦੇ ਹਿਸਾਬ ਨਾਲ ਧੂੜੋ। ਢੁਕਵੇਂ ਬਦਲਾਅ ਦੇ ਤੌਰ ਤੇ ਫਾਰਮਿਕ ਐਸਿਡ (85%) ਦੀ ਧੂਣੀ ਪੰਜ ਮਿਲੀਲਿਟਰ ਹਰ-ਰੋਜ਼ ਦੇ ਹਿਸਾਬ ਨਾਲ ਲਗਾਤਾਰ ਦੋ ਹਫ਼ਤੇ ਵਰਤੋ। ਫਾਰਮਿਕ ਐਸਿਡ ਵਰੋਆ ਚਿੱਚੜੀ ਦੀ ਰੋਕਥਾਮ ਲਈ ਵੀ ਫ਼ਾਇਦੇਮੰਦ ਹੈ ਪਰ ਇਸਦੀ ਵਰਤੋਂ ਨੈਕਟਰ ਦੀ ਆਮਦ ਦੌਰਾਨ ਨਹੀਂ ਕਰਨੀ। ਵਰੋਆ ਚਿੱਚੜੀ ਦਾ ਹਮਲਾ ਹੋਣ ਦੀ ਸੂਰਤ ਵਿੱਚ ਫਾਰਮਿਕ ਐਸਿਡ ਦੀ ਵਰਤੋਂ ਦੇ ਨਾਲ ਸੀਲ ਡਰੋਨ ਬਰੂਡ ਵਾਲੇ ਛੱਤਿਆਂ ਦੇ ਹਿੱਸਿਆਂ ਨੂੰ ਕੱਟ ਕੇ ਨਸ਼ਟ ਕਰਨਾ, ਪੀਸੀ ਖੰਡ ਦੇਰ ਸ਼ਾਮ ਵੇਲੇ ਹਰ ਦੋ ਛੱਤਿਆਂ ਦੇ ਵਿਚਾਲਿਉਂ ਮੱਖੀਆਂ ਉੱਪਰ ਧੂੜਨਾ, ਬੌਟਮ ਬੋਰਡ ਉੱਤੇ ਚਿਪਕਣ ਵਾਲਾ ਕਾਗਜ਼ (ਸਟੀਕਰ) ਰੱਖਣਾ ਅਤੇ ਜਾਲੀਦਾਰ ਵਰੋਆ ਬੌਟਮ ਬੋਰਡ ਵਰਤਣਾ, ਜਿਹੇ ਗੈਰ-ਰਸਾਇਣਕ ਤਰੀਕੇ ਇਸ ਚਿੱਚੜੀ ਦੀ ਰੋਕਥਾਮ ਲਈ ਸਹਾਈ ਹੁੰਦੇ ਹਨ। ਅਗਜੈਲਿਕ ਐਸਿਡ ਦਾ ਘੋਲ (4.2%, ਖੰਡ ਦੇ ਪਾਣੀ ਵਿੱਚ 60 ਪ੍ਰਤੀਸ਼ਤ ਤਿਆਰ ਘੋਲ ਵਿੱਚ) ਤਿਆਰ ਕਰਕੇ ਹਫਤੇ-ਹਫਤੇ ਦੇ ਵਕਫੇ ਤੇ ਤਿੰਨ ਵਾਰ ਦੇਰ ਸ਼ਾਮ ਨੂੰ ਮੱਖੀਆਂ ਤੇ 5 ਮਿਲੀਲਿਟਰ ਪ੍ਰਤੀ ਛੱਤੇ ਦੇ ਹਿਸਾਬ ਨਾਲ ਸਪਰੇਅ ਕਰਨ ਨਾਲ ਵੀ ਇਸ ਚਿੱਚੜੀ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਬਰੂਡ ਬੀਮਾਰੀਆਂ ਬਾਰੇ ਸੁਚੇਤ ਰਹੋ ਅਤੇ ਇਨ੍ਹਾਂ ਦੇ ਸ਼ੱਕ ਹੋਣ ਦੀ ਸੂਰਤ ਵਿੱਚ ਮਾਹਿਰਾਂ ਦੀ ਸਲਾਹ ਲਉ ਅਤੇ ਸੁਝਾਏ ਲੋੜੀਂਦੇ ਰੋਕਥਾਮ ਉਪਰਾਲੇ ਕਰੋ। ਗੈਰ-ਰਸਾਇਣਕ ਤਰੀਕਿਆਂ ਨੂੰ ਤਰਜੀਹ ਦਿਉ। ਸ਼ੱਕੀ ਕਟੁੰਬ ਨੂੰ ਤੰਦਰੁਸਤ ਕਟੁੰਬਾਂ ਨਾਲੋਂ ਅੱਡ ਕਰ ਦਿਉ। ਕਟੁੰਬਾਂ ਵਿੱਚ ਢੁਕਵੀਂ ਵਿੱਥ ਰੱਖ ਕੇ ਅਤੇ ਸ਼ਹਿਦ ਸਿਰਫ਼ ਬਰੂਡ ਰਹਿਤ ਸੁਪਰਾਂ ਵਿਚੋਂ ਹੀ ਕੱਢ ਕੇ, ਜੋ ਕਿ ਰਾਣੀ ਨਿਖੇੜੂ ਜਾਲੀ ਦੁਆਰਾ ਬਰੂਡ ਚੈਂਬਰ ਨਾਲੋਂ ਅੱਡ ਕੀਤੇ ਹੋਣ, ਸ਼ਹਿਦ ਮੱਖੀ ਫਾਰਮ ਵਿੱਚ ਚਿਚੜੀ ਅਤੇ ਬਰੂਡ ਬੀਮਾਰੀਆਂ ਦੇ ਫੈਲਾਅ ਨੂੰ ਠੱਲ੍ਹ ਪਾਇਆ ਜਾ ਸਕਦਾ ਹੈ। ਕਟੁੰਬਾਂ ਨੂੰ ਮੋਮੀ ਕੀੜੇ ਦੇ ਹਮਲੇ ਤੋਂ ਬਚਾਉਣ ਲਈ ਇਨ੍ਹਾਂ ਨੂੰ ਤਕੜਾ ਰੱਖੋ ਅਤੇ ਲੋੜੀਦੇ ਸ਼ਹਿਦ ਮੱਖੀ ਫਾਰਮ ਪ੍ਰਬੰਧ ਅਪਣਾਉ। ਸਟੋਰ ਕੀਤੇ ਹੋਏ ਛੱਤਿਆਂ ਤੇ ਮੋਮੀ ਕੀੜੇ ਦੇ ਹਮਲੇ ਦੀ ਸੂਰਤ ਵਿੱਚ ਗੰਧਕ ਜਾਂ ਅਲਮੂਨੀਅਮ ਫਾਸਫਾਈਡ ਦੀ ਧੂਣੀ ਦਿਓ। ਫੁੱਲ-ਫੁੱਲਾਕਾ ਨਾ ਹੋਣ ਦੀ ਸੂਰਤ ਵਿੱਚ ਲੋੜ ਅਨੁਸਾਰ ਕਟੁੰਬਾਂ ਨੂੰ ਖੰਡ ਦਾ ਘੋਲ (ਖੰਡ : ਪਾਣੀ = 1 : 1) ਦਿਉ ਅਤੇ ਰੋਬਿੰਗ ਤੋਂ ਬਚਾਅ ਅਤੇ ਰੋਕਣ ਦੇ ਉਪਰਾਲੇ ਕਰੋ। ਪਰਾਗ ਦੀ ਆਮਦ ਹੋਣ, ਡਰੋਨ ਬਰੂਡ ਪੈਣ ਅਤੇ ਮੌਸਮ ਸੁਖਾਵਾਂ ਹੋਣ ਦੀ ਸੂਰਤ ਵਿੱਚ ਕਟੁੰਬਾਂ ਦੇ ਵਾਧੇ ਲਈ ਅਤੇ ਪੁਰਾਣੀਆਂ ਰਾਣੀਆਂ ਤਬਦੀਲ ਕਰਨ ਲਈ ਨਵੀਆਂ ਰਾਣੀ ਮੱਖੀਆਂ ਤਿਆਰ ਕੀਤੀਆਂ ਜਾ ਸਕਦੀਆਂ ਹਨ। ਇਸ ਮੰਤਵ ਲਈ ਕਿਸੇ ਚੰਗੇ ਰਵੇ ਦੇ ਕਟੁੰਬਾਂ ਤੋਂ ਜ਼ਿਆਦਾ ਸਮਕਾਲੀ ਰਾਣੀ ਮੱਖੀਆਂ ਤਿਆਰ ਕਰਨ ਵਾਲੇ ਢੰਗ ਨੂੰ ਅਪਣਾ ਕੇ ਲੋੜੀਂਦੀਆਂ ਰਾਣੀਆਂ ਮੱਖੀਆਂ ਤਿਆਰ ਕੀਤੀਆਂ ਜਾ ਸਕਦੀਆਂ ਹਨ। ਸ਼ਹਿਦ ਮੱਖੀ ਫਾਰਮ ਤੋਂ ਵਧੇਰੇ ਉਤਪਾਦਕਤਾ ਅਤੇ ਆਮਦਨ ਲੈਣ ਲਈ ਸ਼ਹਿਦ ਮੱਖੀ ਕਿੱਤੇ ਵਿੱਚ ਵੰਨ-ਸੁਵੰਨਤਾ ਅਪਨਾਓ। ਵਧੇਰੇ ਜਾਣਕਾਰੀ ਲਈ ਸ਼ਹਿਦ ਮੱਖੀ ਮਾਹਿਰਾਂ ਨੂੰ ਸੰਪਰਕ ਕਰੋ।

**ਖੁੰਬਾਂ ਦੀ ਕਾਸ਼ਤ :** ਇਸ ਮਹੀਨੇ ਦੇ ਦੂਜੇ ਤੀਜੇ ਹਫ਼ਤੇ ਦੌਰਾਨ ਬਟਨ ਖੁੰਬ ਦੀ ਕਾਸ਼ਤ ਲਈ ਖੇਤੀਬਾੜੀ ਯੂਨੀਵਰਸਿਟੀ ਦੀ ਸਿਫ਼ਾਰਸ਼ ਅਨੁਸਾਰ ਤੂੜੀ ਜਾਂ ਤੂੜੀ:ਪਰਾਲੀ (1:1) ਦੀ ਵਰਤੋਂ ਕਰਕੇ ਕੰਪੋਸਟ ਬਣਾਉਣਾ ਸ਼ੁਰੂ ਕਰ ਦਿਓ। ਕੰਪੋਸਟ ਦੇ ਪੂਰੀ ਤਰ੍ਹਾਂ ਤਿਆਰ ਹੋਣ ਦੇ ਸਮੇਂ ਅਨੁਸਾਰ ਬਟਨ ਖੁੰਬ ਦੇ ਬੀਜ ਦੀ ਬੁਕਿੰਗ ਕਰਵਾ ਦਿਉ। ਮਿਲਕੀ ਅਤੇ ਪਰਾਲੀ ਖੁੰਬ ਦੀ ਕਾਸ਼ਤ ਤੋਂ ਬਾਅਦ ਇਹਨਾਂ ਦੀ ਰਹਿੰਦ ਖੂੰਹਦ ਨੂੰ ਖੁੰਬ ਘਰ ਤੋਂ ਹਟਾ ਦਿਓ।ਨਵੀਂ ਫਸਲ ਦੀ ਤਿਆਰੀ ਲਈ ਖੁੰਬ ਘਰ ਨੂੰ 4-5 % ਫਾਰਮਲਿਨ ਛਿੜਕ ਕੇ ਚੰਗੀ ਤਰ੍ਹਾਂ ਸਾਫ਼ ਕਰ ਦਿਓ।

**ਡੇਅਰੀ ਫਾਰਮਿੰਗ**

ਤੰਦਰੁਸਤ ਪਸ਼ੂ ਸੂਣ ਤੋਂ 19-22 ਦਿਨਾਂ ਬਾਅਦ ਹੇਹੇ ਵਿੱਚ ਆਉਂਦਾ ਹੈ। ਇਹੋ ਜਿਹੇ ਪਸ਼ੂਆਂ ਨੂੰ ਹੇਹੇ ਦੀਆਂ ਨਿਸ਼ਾਨੀਆਂ ਵਾਸਤੇ ਗੌਰ ਨਾਲ ਵੇਖੋ ਅਤੇ 2 ਤੋਂ 3 ਮਹੀਨੇ ਦੇ ਅੰਦਰ ਅੰਦਰ ਬੋਲਣ ਦੇ 12 ਤੋਂ 18 ਘੰਟੇ ਦੇ ਵਿਚਕਾਰ ਆਸ ਕਰਵਾਉ ਜਾਂ ਮਨਸੂਈ ਗਰਭਦਾਨ ਦਾ ਟੀਕਾ ਲਗਾਉ ਤਾਂ ਜੋ ਦੋ ਸੂਇਆਂ ਦੇ ਵਿਚਕਾਰਲਾ ਫ਼ਰਕ ਘਟਾਇਆ ਜਾ ਸਕੇ। ਸੂਣ ਤੋਂ ਬਾਅਦ ਪਸ਼ੂਆਂ ਦਾ ਭਾਰ ਘਟਦਾ ਹੈ ਜਿਸ ਕਰਕੇ ਹੇਹੇ ਵਿੱਚ ਦੇਰੀ ਨਾਲ ਆਉਂਦੇ ਹਨ। ਇਸ ਕਰਕੇ ਉਨ੍ਹਾਂ ਨੂੰ ਸੰਤੁਲਿਤ ਖ਼ੁਰਾਕ ਅਤੇ ਉਨ੍ਹਾਂ ਦੀ ਸਹੀ ਸਾਂਭ-ਸੰਭਾਲ ਹੋਣੀ ਚਾਹੀਦੀ ਹੈ। ਤਾਜ਼ੇ ਸੂਏ ਅਤੇ ਦੁਧਾਰੂ ਪਸ਼ੂਆਂ ਨੂੰ ਸੁੱਕੇ ਮਾਦੇ ਦੇ ਆਧਾਰ ਤੇ ਖੁਰਾਕ ਦਿਓ। ਸੁੱਕਾ ਮਾਦਾ ਦੀ ਮਾਤਰਾ ਪਤਾ ਕਰਨ ਲਈ ਪਸ਼ੂ ਦੇ ਭਾਰ ਦਾ 2% ਅਤੇ ਦੁੱਧ ਦੀ ਮਾਤਰਾ ਦਾ ਇੱਕ ਤਿਹਾਈ ਹਿੱਸਾ ਜੋੜ ਕੇ ਪਸ਼ੂ ਲਈ ਸੁੱਕਾ ਮਾਦਾ ਪੂਰਾ ਕਰੋ। ਗਾਵਾਂ ਨੂੰ ਇੱਕ ਖੁਰਾਕ 2.5 ਲਿਟਰ ਦੁੱਧ ਪਿਛੇ ਅਤੇ ਮੱਝਾਂ ਨੂੰ 2 ਲਿਟਰ ਪਿਛੇ ਦਿਓ। ਕੱਟੜੂਆਂ-ਵੱਛੜੂਆਂ ਥੱਲੇ ਸੁੱਕੀ ਸੁੱਕ ਪਾਓ (ਪਰਾਲੀ) ਅਤੇ ਸਮੇਂ ਸਿਰ ਮਲ੍ਹੱਪ ਰਹਿਤ ਟੀਕਾਕਰਨ ਅਤੇ ਸਿੰਗ ਦਾਗੋ। ਚਿੱਚੜਾਂ ਤੋਂ ਬਚਾਉ ਲਈ ਬੂਟੋਕਸ 2 ਮਿ.ਲਿ. ਪ੍ਰਤੀ ਲਿਟਰ ਪਾਣੀ ਪਸ਼ੂਆਂ ਅਤੇ ਸ਼ੈੱਡ ਵਿੱਚ ਸਪਰੇਅ ਕਰੋ। ਛੇ ਮਹੀਨੇ ਤੋਂ ਛੋਟੇ ਕੱਟੜੂਆਂ ਉਪਰ ਸਪਰੇਅ ਨਾ ਕਰੋ। ਸਪਰੇਅ ਕਰਨ ਲੱਗਿਆਂ ਕੰਪਨੀ ਦੀਆਂ ਹਦਾਇਤਾਂ ਜ਼ਰੂਰ ਪੜ੍ਹੋ ਅਤੇ ਪਾਲਣਾ ਕਰੋ। ਮੱਖੀਆਂ ਤੋਂ ਬਚਾਉ ਲਈ ਸ਼ੈੱਡ ਅਤੇ ਆਲੇ-ਦੁਆਲੇ ਸਫ਼ਾਈ ਰੱਖੋ। ਸਰਾ ਰੋਗ ਤੋਂ ਬਚਾਉ ਲਈ ਛੇਤੀ ਤੋਂ ਛੇਤੀ ਡਾਕਟਰ ਨਾਲ ਸੰਪਰਕ ਕਰੋ ਕਿਉਂਕਿ ਇਹ ਬੀਮਾਰੀ ਮੱਖੀਆਂ ਨਾਲ ਫੈਲਦੀ ਹੈ। ਸੋ ਮੱਖੀਆਂ ਤੋਂ ਬਚਾਉ ਲਈ ਸਪਰੇਅ ਕਰੋ। ਪਸ਼ੂਆਂ ਨੂੰ ਮਲੱਪਾਂ ਤੋਂ ਬਚਾਉਣ ਲਈ ਸਮੇਂ-ਸਮੇਂ ਸਿਰ ਮਲ੍ਹੱਪ ਰਹਿਤ ਕਰਦੇ ਰਹਿਣਾ ਚਾਹੀਦਾ ਹੈ। ਲੇਵੇ ਦੀ ਸੋਜ ਤੋਂ ਬਚਾਉਣ ਲਈ ਥਣਾਂ ਨੂੰ 75 ਮਿ.ਲਿ. ਪੋਵੀਡੀਨ + 25 ਮਿ.ਲਿ. ਗਲਿਸਰੀਨ ਵਿੱਚ ਡੋਬਾ ਜਰੂਰ ਦਿੰਦੇ ਰਹਿਣਾ ਚਾਹੀਦਾ ਹੈ। ਸੂਣ ਵਾਲੇ ਪਸ਼ੂਆਂ ਨੂੰ ਸੂਣ ਤੋਂ ਘੱਟੋ-ਘੱਟੋ 15 ਦਿਨ ਪਹਿਲਾਂ ਬਾਕੀ ਪਸ਼ੂਆਂ ਨੂੰ ਅਲੱਗ ਕਰ ਦਿਓ।

**ਮੁਰਗੀ ਪਾਲਣ:** ਆਂਡਿਆਂ ਦੀ ਪੈਦਾਵਾਰ ਵਿੱਚ ਰੌਸ਼ਨੀ ਦਾ ਮਹੱਤਵਪੂਰਨ ਹਿੱਸਾ ਹੈ। ਮੁਰਗੀਆਂ ਨੂੰ 14-16 ਘੰਟੇ (ਦਿਨ ਦੀ ਰੌਸ਼ਨੀ ਮਿਲਾ ਕੇ) ਰੋਸ਼ਨੀ ਦੇਣੀ ਚਾਹੀਦੀ ਹੈ ਅਤੇ ਸ਼ੁਰੂ ਹੋਣ ਤੋਂ ਬਾਅਦ ਇਹ ਰੌਸ਼ਨੀ ਹੌਲੀ-ਹੌਲੀ ਵਧਾਉਣੀ ਚਾਹੀਦੀ ਹੈ। ਆਂਡੇ ਦਾ ਛਿਲਕਾ ਪਤਲਾ ਨਾ ਹੋਵੇ ਇਸ ਲਈ 5 ਗ੍ਰਾਮ ਪੱਥਰ ਪ੍ਰਤੀ ਪੰਛੀ ਕਰ ਦੇਣਾ ਚਾਹੀਦਾ ਹੈ। ਹਫ਼ਤੇ ਵਿੱਚ ਸੁੱਕ ਨੂੰ 2-3 ਵਾਰੀ ਹਿਲਾਉਣਾ ਚਾਹੀਦਾ ਹੈ ਤਾਂ ਜੋ ਸੁੱਕੀ ਰਹਿ ਸਕੇ। ਮੀਟ ਵਾਲੇ ਚੂਚੇ ਪਾਲਣ ਲਈ ਇਹ ਵਧੀਆ ਮੌਸਮ ਹੈ। ਕਿਸੇ ਭਰੋਸੇਯੋਗ ਹੈਚਰੀ ਤੋਂ ਹੀ ਚੂਚੇ ਬੁੱਕ ਕਰਵਾਓ। ਚੂਹਿਆਂ ਨੂੰ ਸ਼ੈੱਡ ਵਿੱਚ ਆਉਣ ਤੋਂ ਰੋਕਣ ਦੇ ਉਪਰਾਲੇ ਕਰੋ ਤਾਂ ਜੋ ਖ਼ੁਰਾਕ ਦੇ ਨੁਕਸਾਨ ਨੂੰ ਰੋਕਿਆ ਜਾ ਸਕੇ।

ਸੰਯੋਜਕ: ਅਮਰਜੀਤ ਸਿੰਘ

ਸੰਗ੍ਰਹਿ ਕਰਤਾ: ਪ੍ਰਦੀਪ ਕੁਮਾਰ ਛੁਨੇਜਾ, ਆਰ ਕੇ ਗੁਪਤਾ, ਕਮਲਜੀਤ ਸਿੰਘ ਸੂਰੀ, ਅੰਮਿਤ ਕੌਲ, ਗੁਰਵਿੰਦਰਪਾਲ ਸਿੰਘ ਢਿੱਲੋਂ, ਜਸਵਿੰਦਰ ਸਿੰਘ ਬਰਾੜ, ਰਣਜੀਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ।